## ਹੋਰ ਈ-ਸਰੋਤ

**Ancestry Library ਐਡੀਸ਼ਨ (ਐਂਸਸਟ੍ਰੀ ਲਾਇਬ੍ਰੇਰੀ ਐਡੀਸ਼ਨ) (ਕੇਵਲ ਲਾਇਬ੍ਰੇਰੀ ਵਿੱਚ ਵਰਤੋਂ ਲਈ):** ਆਪਣੇ ਪਰਿਵਾਰਕ ਇਤਿਹਾਸ ਦਾ ਪਤਾ ਲਗਾਓ। ਇਹ ਵੰਸ਼ ਦੀ ਖੋਜ ਲਈ ਇੱਕ ਮਹੱਤਵਪੂਰਨ ਔਨਲਾਈਨ ਸਰੋਤ ਹੈ।

**Choice Online (ਕੇਵਲ ਲਾਇਬ੍ਰੇਰੀ ਵਿੱਚ ਵਰਤੋਂ ਲਈ):** 5,000 ਤੋਂ ਵੱਧ ਉਤਪਾਦ ਅਤੇ ਸੇਵਾਵਾਂ ਲਈ ਮਾਹਰ ਟੈਸਟ ਦੇ ਨਤੀਜੇ, ਬਿਨਾਂ ਪੱਖਪਾਤ ਦੇ ਉਤਪਾਦ ਸਮੀਖਿਆਵਾਂ, ਤੁਲਨਾਵਾਂ, ਅਤੇ ਖਪਤਕਾਰ ਕਾਰਵਾਈਆਂ।

**ਕੂਰੀ ਮੇਲ ਸੰਗ੍ਰਹਿ:** ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਆਸਟ੍ਰੇਲੀਆਈਆਂ ਅਤੇ ਸਵਦੇਸ਼ੀ ਨਿਵਾਸੀ ਮਾਮਲਿਆਂ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਖਬਰਾਂ, ਸਮੀਖਿਆਵਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ।

**Haynes ਕਾਰ ਅਤੇ ਮੋਟਰਸਾਈਕਲ ਮੁਰੰਮਤ ਮੈਨੂਅਲ:** ਕਾਰ ਅਤੇ ਮੋਟਰਸਾਈਕਲ ਮੈਨੂਅਲ ਜੋ ਬਹੁਤ ਸਾਰੇ ਕੰਮਾਂ ਲਈ ਉਪਲਬਧ ਵੀਡੀਓ ਟਿਊਟੋਰਿਅਲਸ ਦੇ ਨਾਲ, ਆਮ ਮੁਰੰਮਤ, ਰੁਟੀਨ ਰੱਖ-ਰਖਾਅ ਅਤੇ ਸਰਵਿਸਿੰਗ ਪ੍ਰਕਿਰਿਆਵਾਂ ਸਮੇਤ, ਮੇਕ ਅਤੇ ਮਾਡਲਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਕਵਰ ਕਰਦੇ ਹਨ।




## ਕੀ ਮੱਦਦ ਦੀ ਲੋੜ ਹੈ ਜਾਂ ਔਨਲਾਈਨ ਸ਼ੁਰੂਆਤ ਕਰਨ ਬਾਰੇ ਕੋਈ ਸਵਾਲ ਹਨ?

ਆਪਣੀ ਸਥਾਨਕ ਸ਼ਾਖਾ 'ਤੇ ਜਾਓ ਜਾਂ ਸਹਾਇਤਾ ਲਈ ਸਾਡੇ ਦੋਸਤਾਨਾ ਸਟਾਫ਼ ਨੂੰ ਫ਼ੋਨ ਕਰੋ।

**ਬੱਲਾਜੂਰਾ ਪਬਲਿਕ ਲਾਇਬ੍ਰੇਰੀ** **9207 8686**
ਕਾਰਨਰ ਕਿੰਗਫਿਸ਼ਰ ਐਵੇਨਿਊ ਅਤੇ ਇਲਾਵਾਰਾ ਕ੍ਰੇਸੈਂਟ ਬੱਲਾਜੂਰਾ

**ਬੀਚਬੋਰੋ ਪਬਲਿਕ ਲਾਇਬ੍ਰੇਰੀ** **9207 8585**
332 ਬੇਨਾਰਾ ਰੋਡ, ਬੀਚਬੋਰੋ

**ਬੁਲਸਬਰੂਕ ਪਬਲਿਕ ਲਾਇਬ੍ਰੇਰੀ** **9207 8989**
ਏਥਲ ਵਾਰੇਨ ਬੁਲਸਬਰੂਕ ਕਮਿਊਨਿਟੀ ਸੈਂਟਰ
3 ਮਾਰੌਂਬਰਾ ਐਵੇਨਿਊ, ਬੁਲਸਬਰੂਕ

**ਐਲਨਬਰੂਕ ਕਮਿਊਨਿਟੀ ਲਾਇਬ੍ਰੇਰੀ** **9207 8787**
90 ਮੇਨ ਸਟ੍ਰੀਟ, ਐਲਨਬਰੂਕ

**ਗਿਲਡਫੋਰਡ ਪਬਲਿਕ ਲਾਇਬ੍ਰੇਰੀ** **9207 8880**
97 ਜੇਮਸ ਸਟ੍ਰੀਟ, ਗਿਲਡਫੋਰਡ

**ਮਿਡਲੈਂਡ ਪਬਲਿਕ ਲਾਇਬ੍ਰੇਰੀ** **9267 9020**
45 ਹੇਲੇਨਾ ਸਟ੍ਰੀਟ, ਮਿਡਲੈਂਡ

City of Swan

2 ਮਿਡਲੈਂਡ ਸਕੁਆਇਰ, ਮਿਡਲੈਂਡ PO
ਬਾਕਸ 196 ਮਿਡਲੈਂਡ WA 6936

9267 9267

www.swan.wa.gov.au

ਬੇਨਤੀ ਕਰਨ 'ਤੇ ਇਸ ਦਸਤਾਵੇਜ਼ ਨੂੰ ਵੱਖਰੇ ਫਾਰਮੈਟਾਂ ਅਤੇ ਭਾਸ਼ਾਵਾਂ ਵਿੱਚ ਉਪਲਬਧ ਕਰਵਾਇਆ ਜਾ ਸਕਦਾ ਹੈ।

0043CLS-2024

Punjabi | ਪੰਜਾਬੀ

City of Swan

# ਈ-ਲਾਇਬ੍ਰੇਰੀ ਅਤੇ ਔਨਲਾਈਨ ਸਰੋਤ



## ਸ਼ੁਰੂਆਤ ਕਰਨਾ

1. ਸਿਟੀ ਆਫ਼ ਸਵਾਨ ਲਾਇਬ੍ਰੇਰੀਆਂ ਵਿੱਚ ਸ਼ਾਮਲ ਹੋਵੋ
2. ਐਪਸ ਨੂੰ ਆਪਣੀ ਡਿਵਾਈਸ 'ਤੇ ਡਾਊਨਲੋਡ ਕਰੋ
3. ਆਪਣੇ ਲਾਇਬ੍ਰੇਰੀ ਕਾਰਡ ਨੰਬਰ ਅਤੇ ਪਾਸਵਰਡ ਨਾਲ ਸਾਈਨ ਇਨ ਕਰੋ।



**ਤੁਹਾਡਾ ਡਿਫੌਲਟ ਪਾਸਵਰਡ ਤੁਹਾਡੀ ਜਨਮ ਮਿਤੀ ਹੈ।**

ਉਦਾਹਰਨ: ਜੇਕਰ ਤੁਹਾਡੀ ਜਨਮ ਮਿਤੀ ਸਤੰਬਰ 17, 1985 (17/09/1985) ਹੈ, ਤਾਂ ਤੁਹਾਡਾ ਡਿਫੌਲਟ ਪਾਸਵਰਡ 17091985 ਹੋਵੇਗਾ।

## ਸਾਡੀ ਈ-ਲਾਇਬ੍ਰੇਰੀ ਅਤੇ ਔਨਲਾਈਨ ਸਰੋਤਾਂ ਨਾਲ ਇੱਕ ਨਵੀਂ ਦੁਨੀਆਂ ਦੀ ਖੋਜ ਕਰੋ

ਆਪਣੇ ਸਿਟੀ ਆਫ਼ ਸਵਾਨ ਲਾਇਬ੍ਰੇਰੀ ਕਾਰਡ ਨਾਲ, ਤੁਸੀਂ ਇਨ੍ਹਾਂ ਤੱਕ ਮੁਫ਼ਤ ਪਹੁੰਚ ਕਰ ਸਕਦੇ ਹੋ:

- ਈ-ਕਿਤਾਬਾਂ
- ਈ-ਆਡੀਓਬੁੱਕਸ
- ਈ-ਮੂਵੀਜ਼
- ਭਾਸ਼ਾ ਸਿੱਖਣ ਦੇ ਸਾਧਨ
- ਅਤੇ ਹੋਰ ਬਹੁਤ ਕੁੱਝ।

### ਤੁਸੀਂ ਹੇਠਾਂ ਦੱਸੇ ਗਏ ਯੰਤਰਾਂ ਦੀ ਵਰਤੋਂ ਕਰਕੇ ਘਰ 'ਤੇ ਜਾਂ ਯਾਤਰਾ ਦੌਰਾਨ 1 ਮਿਲੀਅਨ ਤੋਂ ਵੱਧ ਚੀਜ਼ਾਂ ਤੱਕ ਪਹੁੰਚ ਕਰ ਸਕਦੇ ਹੋ:

- ਐਂਡਰਾਇਡ ਜਾਂ ਐਪਲ ਮੋਬਾਈਲ ਫ਼ੋਨ
- ਲੈਪਟਾਪ
- ਟੈਬਲੇਟ
- ਈ-ਰੀਡਰ
- ਘਰੇਲੂ ਕੰਪਿਊਟਰ।



**ਨੋਟ:** ਕਿਰਪਾ ਕਰਕੇ ਇਹ ਧਿਆਨ ਵਿੱਚ ਰੱਖੋ ਕਿ ਇਸ ਸਮੇਂ ਕਿੰਡਲ ਈ-ਰੀਡਰਜ਼ ਰਾਹੀਂ ਈ-ਲਾਇਬ੍ਰੇਰੀ ਆਈਟਮਾਂ ਤੱਕ ਪਹੁੰਚ ਕਰਨਾ ਸੰਭਵ ਨਹੀਂ ਹੈ।



## ਈ-ਕਿਤਾਬਾਂ, ਈ-ਆਡੀਓਬੁੱਕਾਂ, ਈ-ਮੈਗਜ਼ੀਨ ਅਤੇ ਈ-ਮੂਵੀਜ਼

1 ਮਿਲੀਅਨ ਤੋਂ ਵੱਧ ਸਿਰਲੇਖਾਂ ਤੱਕ 24/7 ਪਹੁੰਚ ਕਰਨ ਲਈ ਇਹਨਾਂ ਐਪਾਂ ਨੂੰ ਆਪਣੀ ਡਿਵਾਈਸ 'ਤੇ ਡਾਊਨਲੋਡ ਕਰੋ।

**CloudLibrary (ਕਲਾਊਡ ਲਾਇਬ੍ਰੇਰੀ):** ਆਸਟ੍ਰੇਲੀਆਈ ਅਤੇ ਅੰਤਰਰਾਸ਼ਟਰੀ ਈ-ਕਿਤਾਬਾਂ ਅਤੇ ਈ-ਆਡੀਓਬੁੱਕਸ।

**Libby/Overdrive (ਲਿਬੀ/ਓਵਰਡ੍ਰਾਈਵ):** ਈ-ਕਿਤਾਬਾਂ, ਈ-ਆਡੀਓਬੁੱਕਾਂ, ਅਤੇ ਈ-ਮੈਗਜ਼ੀਨ।

**BorrowBox (ਬੋਰੋਬੌਕਸ):** ਈ-ਕਿਤਾਬਾਂ ਅਤੇ ਈ-ਆਡੀਓਬੁੱਕਸ, ਆਸਟ੍ਰੇਲੀਅਨ ਸਮੱਗਰੀ, ਅਤੇ ਈ-ਪ੍ਰੈਸ (ਮੈਗਜ਼ੀਨ ਅਤੇ ਅਖ਼ਬਾਰਾਂ) 'ਤੇ ਧਿਆਨ-ਕੇਂਦ੍ਰਿਤ ਕਰਨ ਦੇ ਨਾਲ।

**StoryBox Library (ਸਟੋਰੀਬਾਕਸ ਲਾਇਬ੍ਰੇਰੀ):** ਆਸਟ੍ਰੇਲੀਆ ਦੇ ਕੁੱਝ ਕੁ ਸ੍ਰੇਸ਼ਠ ਕਹਾਣੀਕਾਰਾਂ ਦੁਆਰਾ ਪੜ੍ਹੀਆਂ ਗਈਆਂ ਬੱਚਿਆਂ ਦੀਆਂ ਕਹਾਣੀਆਂ।

**Kanopy Kids (ਕੈਨੋਪੀ ਕਿਡਜ਼):** ਬੱਚਿਆਂ ਦੇ ਟੀਵੀ ਸ਼ੋਅ, ਐਨੀਮੇਟਡ ਸਟੋਰੀਬੁੱਕ, ਪਰਿਵਾਰਕ ਫਿਲਮਾਂ ਅਤੇ ਮਨਪਸੰਦ ਐਨੀਮੇ।

**Hoopla (ਹੂਪਲਾ):** ਈ-ਕਿਤਾਬਾਂ,  ਈ-ਆਡੀਓਬੁੱਕਸ, ਅਤੇ ਈ-ਕਾਮਿਕਸ, ਪਲੱਸ ਟੀਵੀ, ਸੰਗੀਤ ਅਤੇ ਫਿਲਮਾਂ।

**Kanopy (ਕਨੋਪੀ):** ਸਟ੍ਰੀਮ ਕਰਨ ਲਈ ਸੁਤੰਤਰ ਅਤੇ ਕਲਾਸਿਕ ਫਿਲਮਾਂ, ਟੀਵੀ ਸ਼ੋਅ ਅਤੇ ਦਸਤਾਵੇਜ਼ੀ ਫਿਲਮਾਂ।

## ਔਨਲਾਈਨ ਭਾਸ਼ਾ ਸਿੱਖਣਾ

ਭਾਵੇਂ ਤੁਸੀਂ ਆਪਣੇ ਅੰਗਰੇਜ਼ੀ ਦੇ ਹੁਨਰ ਨੂੰ ਸੁਧਾਰਨ 'ਤੇ ਕੰਮ ਕਰ ਰਹੇ ਹੋ, ਜਾਂ ਕੋਈ ਨਵੀਂ ਭਾਸ਼ਾ ਸਿੱਖਣਾ ਚਾਹੁੰਦੇ ਹੋ, ਇਹ ਡਿਜ਼ੀਟਲ ਟੂਲ ਤੁਹਾਡੀ ਸਿੱਖਣ ਦੇ ਸਫ਼ਰ ਵਿੱਚ ਸਹਾਇਕ ਸਾਬਤ ਹੋ ਸਕਦੇ ਹਨ।

**ਰੋਡ ਟੂ IELTS:** ਇਹ ਇੱਕ ਤਿਆਰੀ ਅਤੇ ਅਭਿਆਸ ਕੋਰਸ ਹੈ, ਜਿਸਦਾ ਮਕਸਦ ਤੁਹਾਨੂੰ ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ ਟੈਸਟ ਸਿਸਟਮ (IELTS) ਪੂਰੀ ਕਰਨ ਵਿੱਚ ਮੱਦਦ ਕਰਨਾ ਹੈ। ਵੀਡੀਓਜ਼, ਸੁਣਨ ਲਈ ਗਤੀਵਿਧੀਆਂ, ਸ਼ਬਦਾਵਲੀ ਟੂਲ, ਅਭਿਆਸ ਟੈਸਟ ਅਤੇ ਹੋਰ ਬਹੁਤ ਕੁੱਝ ਖੋਜੋ।

**ਬੱਚਿਆਂ ਲਈ LOTE ਔਨਲਾਈਨ:** ਬੱਚਿਆਂ ਲਈ ਇੱਕ ਨਵੀਂ ਲਾਇਬ੍ਰੇਰੀ ਡਾਟਾਬੇਸ, ਜੋ ਬੱਚਿਆਂ ਨੂੰ ਹੋਰ ਭਾਸ਼ਾਵਾਂ ਵਿੱਚ ਕਿਤਾਬਾਂ ਦੇ ਜਾਦੂ ਦਾ ਆਨੰਦ ਲੈਣ ਦਿੰਦਾ ਹੈ, ਚਾਹੇ ਲਾਇਬ੍ਰੇਰੀ ਸ਼ਾਖਾਵਾਂ ਵਿੱਚ ਹੋਵੇ ਜਾਂ ਘਰ ਵਿੱਚ।

ਸਾਡੇ ਸਾਰੇ ਈ-ਸਰੋਤਾਂ ਬਾਰੇ ਵਧੇਰੇ ਜਾਣਕਾਰੀ ਲਈ, ਸਾਡੀ ਵੈੱਬਸਾਈਟ 'ਤੇ ਅਕਸਰ ਪੁੱਛੇ ਜਾਂਦੇ ਸਵਾਲਾਂ ਦੇ ਭਾਗ 'ਤੇ ਜਾਓ:
**www.swan.wa.gov.au/eLibrary**

